# ਵਿੱਦਿਅਕ ਵਰ੍ਹਾ (2020-21)

## ਸ਼੍ਰੇਣੀ ਅੱਠਵੀਂ

## ਪੰਜਾਬੀ (ਪਹਿਲੀ ਭਾਸ਼ਾ)

**ਸਮਾਂ : 3 ਘੰਟੇ**

**ਲਿਖਤੀ : 90 ਅੰਕ**
**ਸੀ. ਸੀ. ਈ : 10 ਅੰਕ**
**ਕੁੱਲ :100 ਅੰਕ**

### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਪ੍ਰਸ਼ਨ 1:** 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ । ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ, ਲਿਖਣ ਵਿੱਚ ਇਕਸਾਰਤਾ, ਪ੍ਰਵਾਹ ਯੁਕਤ ਲੇਖਣ ਅਤੇ ਲਿਖਾਈ ਦੇ ਸਮੁੱਚੇ ਲੇਖਣ ਪ੍ਰਭਾਵ ਦੇ ਅਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ। (05 ਅੰਕ)

**(ਭਾਗ ੳ)**

**ਪ੍ਰਸ਼ਨ 2:** ਕਿਤਾਬ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 5 ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ ਕੁੱਲ 10 ਅੰਕ ਹੋਣਗੇ। (10 ਅੰਕ)

**ਪ੍ਰਸ਼ਨ 3:** ਕਿਤਾਬ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 5 ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ ਕੁੱਲ 10 ਅੰਕ ਹੋਣਗੇ। (10 ਅੰਕ)

**ਪ੍ਰਸ਼ਨ 4:** ਇਸ ਪ੍ਰਸ਼ਨ ਵਿੱਚ ਵਿਆਕਰਨ ਨਾਲ ਸੰਬੰਧਿਤ ਪ੍ਰਸ਼ਨ ਪੁੱਛੇ ਜਾਣਗੇ। ਇਹ ਵਸਤੂਨਿਸ਼ਠ ਬਹੁ ਵਿਕਲਪੀ, ਖ਼ਾਲੀ ਥਾਂਵਾਂ, ਸਹੀ/ਗ਼ਲਤ, ਮਿਲਾਨ ਕਰੋ ਆਦਿ ਪ੍ਰਸ਼ਨ ਹੋਣਗੇ । ਇਹਨਾਂ ਪ੍ਰਸ਼ਨਾਂ ਦੇ ਕੁਲ ਅੰਕ 22 ਅੰਕ ਹੋਣਗੇ । (22 ਅੰਕ)

**(ਭਾਗ ਅ)**

**ਪ੍ਰਸ਼ਨ 5:** ਕਵਿਤਾਵਾਂ ਵਿੱਚ 2 ਪੈਰੇ ਦੇ ਕੇ ਕਿਸੇ ਇੱਕ ਦਾ ਭਾਵ ਸਪਸ਼ਟ ਕਰਨ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ ਕੁੱਲ 2 ਅੰਕ ਹੋਣਗੇ । (02 ਅੰਕ)

**ਪ੍ਰਸ਼ਨ 6:** ਪਾਠ-ਪੁਸਤਕ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ 6 ਪ੍ਰਸ਼ਨ ਦੇ ਕੇ ਕਿਸੇ 4 ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। (08 ਅੰਕ)

**ਪ੍ਰਸ਼ਨ 7:** ਕੋਈ 8 ਮੁਹਾਵਰਿਆਂ ਵਿਚੋਂ ਕਿਸੇ 5 ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ ਕਰਨ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। (10 ਅੰਕ)

**ਪ੍ਰਸ਼ਨ 8:** ਕੋਈ 5 ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 7 ਅੰਕ ਹੋਣਗੇ। (07 ਅੰਕ)

**ਪ੍ਰਸ਼ਨ 9:** ਕੋਈ 2 ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਉੱਤੇ ਪੱਤਰ/ਬਿਨੈ-ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 6 ਅੰਕ ਹੋਣਗੇ। (06 ਅੰਕ)

**ਪ੍ਰਸ਼ਨ 10:** ਇਹ ਪ੍ਰਸ਼ਨ ਕਿਰਿਆ-ਆਧਾਰਿਤ ਹੋਵੇਗਾ। ਡੱਬਿਆਂ ਵਿੱਚ ਦਿੱਤੇ ਸ਼ਬਦਾਂ ਵਿਚੋਂ ਕੋਈ 8 ਸਾਰਥਿਕ ਸ਼ਬਦ ਪਛਾਣਨ ਲਈ ਕਿਹਾ ਜਾਵੇਗਾ। ਹਰੇਕ ਸ਼ਬਦ ਲਈ 1 ਅੰਕ ਹੋਵੇਗਾ। (08 ਅੰਕ)

**ਪ੍ਰਸ਼ਨ 11:** ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ ਵਿਚੋਂ ਕਿਸੇ 2 ਵਿੱਚੋਂ 1 ਦੀ ਪਰਿਭਾਸ਼ਾ ਦੇਣ ਲਈ ਕਿਹਾ ਜਾਵੇਗਾ ਜਾਂ ਵਿਆਕਰਨ ਵਿੱਚੋਂ ਕੋਈ ਹੋਰ ਪ੍ਰਸ਼ਨ ਹੱਲ ਕਰਨ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ 2 ਅੰਕ ਹੋਣਗੇ । (02 ਅੰਕ)